ਨੰ:7/204/2012-4ਐਫ.ਪੀ.1/66

ਪੰਜਾਬ ਸਰਕਾਰ

ਵਿੱਤ ਵਿਭਾਗ

(ਵਿੱਤ ਪ੍ਰਸੋਨਲ-1 ਸ਼ਾਖਾ)

ਮਿਤੀ, ਚੰਡੀਗੜ੍ਹ 15-1-2015

ਸੇਵਾ ਵਿਖੇ,

ਸਮੂਹ ਵਿਭਾਗਾਂ ਦੇ ਮੁਖੀ,
ਰਜਿਸਟਰਾਰ, ਪੰਜਾਬ ਅਤੇ ਹਰਿਆਣਾ ਹਾਈਕੋਰਟ,
ਡਵੀਜਨਾਂ ਦੇ ਕਮਿਸਨਰ,
ਸਮੂਹ ਜ਼ਿਲ੍ਹਾ ਤੇ ਸੈਸਨਜ ਜੱਜ ਅਤੇ
ਸਮੂਹ ਡਿਪਟੀ ਕਮਿਸਨਰ,
ਪੰਜਾਬ ਰਾਜ ਵਿੱਚ।

ਵਿਸ਼ਾ:- **ਸਰਕਾਰੀ ਵਿਭਾਗਾਂ ਵਿੱਚ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀਆਂ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਸਬੰਧੀ।**

ਸ੍ਰੀਮਾਨ ਜੀ,

ਮੈਨੂੰ ਆਪ ਦਾ ਧਿਆਨ ਉਪਰੋਕਤ ਵਿਸੇ ਵੱਲ ਦਿਵਾਉਣ ਅਤੇ ਇਹ ਕਹਿਣ ਦੀ ਹਦਾਇਤ ਹੋਈ ਹੈ ਕਿ ਪੰਜਾਬ ਸਰਕਾਰ ਵਲੋਂ ਵਿੱਤੀ ਸੰਜਮ ਰੱਖਦੇ ਹੋਏ ਪੜ੍ਹੇ-ਲਿਖੇ ਬੇਰੁਜ਼ਗਾਰ ਨੌਜਵਾਨਾਂ ਨੂੰ ਰੁਜ਼ਗਾਰ ਦੇ ਵੱਧ ਤੋਂ ਵੱਧ ਮੌਕੇ ਮੁਹੱਈਆ ਕੀਤੇ ਜਾਣ ਦੇ ਮੰਤਵ ਨਾਲ ਸਿੱਧੀ ਭਰਤੀ ਦੇ ਕੋਟੇ ਦੀਆਂ ਖਾਲੀ ਪਈਆਂ ਵੱਖ ਵੱਖ ਕੈਟਾਗਰੀਜ਼ ਦੀਆਂ ਆਸਾਮੀਆਂ ਤੇ ਨਿਯੁਕਤ ਕੀਤੇ ਜਾਣ ਵਾਲੇ ਕਰਮਚਾਰੀਆਂ ਦੀ ਨਿਯੁਕਤੀ ਸਬੰਧੀ ਕੁੱਝ ਸੇਵਾ ਸ਼ਰਤਾਂ ਵਿੱਚ ਸੋਧ ਕਰਨ ਲਈ ਵਿੱਤ ਵਿਭਾਗ ਵਲੋਂ ਜਾਰੀ ਨੋਟੀਫਿਕੇਸ਼ਨ ਨੰ: 7/204/2012-4ਵਿਪ੍1/60, ਮਿਤੀ 15-1-2015 ਰਾਹੀਂ ਪੰਜਾਬ ਸਿਵਲ ਸੇਵਾਵਾਂ ਨਿਯਮਾਵਲੀ, ਜਿਲਦ-1, ਭਾਗ-1, ਦੇ ਸਬੰਧਤ ਰੂਲਾਂ ਵਿੱਚ ਸੋਧ ਕੀਤੀ ਗਈ ਹੈ।

2. ਉਪਰੋਕਤ ਨੋਟੀਫਿਕੇਸ਼ਨ ਰਾਹੀਂ ਕੀਤੀਆਂ ਸੋਧਾਂ ਉਪਰੰਤ ਸਿੱਧੀ ਭਰਤੀ ਤੇ ਤਨਖਾਹ ਦੇਣ ਸਬੰਧੀ ਹੇਠਾਂ ਅਨੁਸਾਰ ਸਥਿਤੀ ਹੋਵੇਗੀ:-

i) ਸਿੱਧੀ ਭਰਤੀ ਉਪਰੰਤ 2 ਸਾਲ ਦੇ ਪਰਖ ਕਾਲ ਦੇ ਸਮੇਂ ਦੇ ਦੌਰਾਨ ਸਮੇਤ ਉਸ ਪਰਖ ਕਾਲ ਦੇ ਸਮੇਂ ਦੇ ਜੇਕਰ ਕੋਈ ਇਸ ਵਿੱਚ ਵਾਧਾ ਕੀਤਾ ਗਿਆ ਹੋਵੇ, ਕਰਮਚਾਰੀ ਨੂੰ ਬੱਝਵੀਂ ਤਨਖਾਹ (fixed emoluments) ਦਿੱਤੀ ਜਾਵੇਗੀ ਜੋ ਕਿ ਉਸ ਕਰਮਚਾਰੀ ਦੀ ਨਵੀਂ ਆਸਾਮੀ ਤੇ ਮਿਲਣ ਵਾਲੇ ਪੇ-ਬੈਂਡ ਦੇ ਘੱਟੋ-ਘੱਟ ਤਨਖਾਹ (Minimum of the Pay Band) ਦੇ ਬਰਾਬਰ ਹੋਵੇਗੀ ਅਤੇ ਪਰਖ ਕਾਲ ਸਮੇਂ ਦੌਰਾਨ ਉਸ ਨੂੰ ਗਰੇਡ ਪੇ, ਸਾਲਾਨਾ ਤਰੱਕੀ ਜਾਂ ਹੋਰ ਕੋਈ ਭੱਤੇ, ਸਿਵਾਏ ਸਫ਼ਰੀ ਭੱਤੇ ਦੇ, ਮਿਲਣਯੋਗ ਨਹੀਂ ਹੋਣਗੇ ;

ii) ਪਰਖ ਕਾਲ ਦਾ ਸਮਾਂ ਸਫ਼ਲਤਾਪੂਰਵਕ ਮੁਕੰਮਲ ਹੋਣ ਤੇ ਉਸ ਨੂੰ ਉਸ ਆਸਾਮੀ ਤੇ ਮਿਲਣਯੋਗ ਪੇ-ਬੈਂਡ ਦੀ ਘੱਟੋ-ਘੱਟ ਤਨਖਾਹ, ਸਮੇਤ ਗਰੇਡ-ਪੇ, ਤੋਂ ਸ਼ੁਰੂ ਕਰਦੇ ਹੋਏ ਪੂਰੇ ਭੱਤੇ ਮਿਲਣਯੋਗ ਹੋਣਗੇ;

iii) ਪਰਖ ਕਾਲ ਦਾ ਸਮਾਂ, ਅਤੇ ਜੇਕਰ ਇਸ ਸਮੇਂ ਵਿੱਚ ਕੋਈ ਵਾਧਾ ਕੀਤਾ ਗਿਆ ਹੈ ਤਾਂ ਉਹ ਵੀ ਵਿੱਚ ਪਾ ਕੇ, ਤਨਖਾਹ ਦੇ ਟਾਇਮ ਸਕੇਲ ਵਿੱਚ ਕੰਮ ਕਰਨ ਦਾ ਸਮਾਂ ਨਹੀਂ ਗਿਣਿਆ ਜਾਵੇਗਾ;

iv) ਜੇਕਰ ਕਰਮਚਾਰੀ ਪਹਿਲਾਂ ਵੀ ਪੰਜਾਬ ਸਰਕਾਰ ਵਿੱਚ ਨੌਕਰੀ ਕਰ ਰਿਹਾ ਸੀ ਭਾਵ ਉਸ ਦਾ ਕਿਸੇ ਆਸਾਮੀ ਤੇ ਲੀਅਨ (Lien) ਹੈ ਤਾਂ ਉਸ ਨੂੰ ਨਵੀਂ ਆਸਾਮੀ ਦੇ ਪਰਖ ਕਾਲ ਸਮੇਂ ਦੌਰਾਨ ਉਸ ਪਹਿਲੀ ਆਸਾਮੀ, ਜਿਸ ਉਪਰ ਉਸ ਦਾ ਲੀਅਨ ਹੈ, ਵਾਲੀ ਤਨਖਾਹ ਮਿਲਣਯੋਗ ਹੋਵੇਗੀ;

v) ਕਰਮਚਾਰੀ ਦੇ ਪਰਖ ਕਾਲ ਸਮੇਂ ਦੌਰਾਨ ਉਹ ਨਿਊਂ ਡੀਫਾਈਡ ਕੰਟਰੀਬਿਊਟਰੀ ਪੈਨਸ਼ਨ ਸਕੀਮ ਅਧੀਨ ਕਵਰ ਹੋਵੇਗਾ ਅਤੇ ਇਸ ਸਬੰਧੀ ਸਰਕਾਰ ਵਲੋਂ ਬਣਦਾ ਮੈਚਿੰਗ ਸ਼ੇਅਰ ਵੀ ਦਿੱਤਾ ਜਾਵੇਗਾ;

3. ਇਹ ਹਦਾਇਤਾਂ ਸਰਕਾਰੀ ਵਿਭਾਗਾਂ ਦੇ ਨਾਲ-ਨਾਲ ਖੁਦ-ਮੁਖਤਿਆਰ ਅਤੇ ਅਰਧ ਸਰਕਾਰੀ ਸੰਸਥਾਵਾਂ, ਕਾਰਪੋਰੇਸ਼ਨਾਂ/ਬੋਰਡਾਂ, ਨੀਮ-ਸਰਕਾਰੀ ਅਦਾਰਿਆਂ, ਕਮਿਸ਼ਨਾਂ, ਟ੍ਰਿਬਿਊਨਲਾਂ, ਸਹਿਕਾਰੀ ਸੰਸਥਾਵਾਂ, ਸੋਸਾਇਟੀਆਂ, ਸਥਾਨਕ ਸਰਕਾਰ ਵਿਭਾਗ ਅਤੇ ਪੰਚਾਇਤੀ ਰਾਜ ਵਿਭਾਗ ਦੇ ਅਦਾਰਿਆਂ ਤੇ ਵੀ ਲਾਗੂ ਹੋਣਗੀਆਂ। ਪੰਜਾਬ ਸਰਕਾਰ

ਚਲਦਾ--2

ਦੇ ਇਨ੍ਹਾਂ ਆਦਾਰਿਆਂ/ਸੰਸਥਾਵਾ ਵਿੱਚ ਜਿੱਥੇ ਪਹਿਲਾਂ ਹੀ ਪੰਜਾਬ ਸਿਵਲ ਸਰਵਿਸਿਜ਼ ਰੂਲਜ਼ ਲਾਗੂ ਹਨ, ਉਨ੍ਹਾਂ ਵਿੱਚ ਇਹ ਸ਼ਰਤਾਂ ਆਪਣੇ-ਆਪ (Automatically) ਲਾਗੂ ਹੋਣਗੀਆਂ ਅਤੇ ਜਿਹੜੇ ਅਦਾਰਿਆਂ ਵਿੱਚ ਪੰਜਾਬ ਸਿਵਲ ਸਰਵਿਸ਼ਿਜ਼ ਰੂਲਜ਼ ਲਾਗੂ ਨਹੀਂ ਹੁੰਦੇ, ਉਹ ਆਦਾਰੇ ਆਪਣੇ ਰੂਲਾਂ ਵਿੱਚ ਇਨ੍ਹਾਂ ਹਦਾਇਤਾਂ ਅਨੁਸਾਰ ਲੋੜੀਂਦੀ ਸੋਧ ਕਰਕੇ ਇਸ ਸਬੰਧੀ ਜਾਰੀ ਕੀਤੀ ਗਈ ਨੋਟੀਫਿਕੇਸ਼ਨ ਦੀ ਮਿਤੀ ਤੋਂ ਲਾਗੂ ਕਰਨਗੇ।

4. ਪੰਜਾਬ ਰਾਜ ਵਿੱਚ ਭਰਤੀ ਕਰਨ ਸਬੰਧੀ ਸਰਕਾਰ ਵਲੋਂ ਸਮੇਂ-ਸਮੇ ਤੇ ਜਾਰੀ ਕੀਤੀਆਂ ਗਈਆਂ ਹਦਾਇਤਾਂ ਅਤੇ ਇਸ ਸਬੰਧੀ ਪਹਿਲਾਂ ਹੀ ਨਿਰਧਾਰਤ ਕੀਤੇ ਗਏ ਪ੍ਰੋਸੀਜ਼ਰ ਵਿੱਚ ਕੋਈ ਤਬਦੀਲੀ ਨਹੀਂ ਹੋਵੇਗੀ ਅਤੇ ਕਿਸੇ ਕਿਸਮ ਦੀ ਭਰਤੀ ਕਰਨ ਤੋਂ ਪਹਿਲਾਂ ਸਰਕਾਰ ਦੀਆਂ ਪਹਿਲਾਂ ਹੀ ਜਾਰੀ ਕੀਤੀਆਂ ਹਦਾਇਤਾਂ ਅਨੁਸਾਰ ਪ੍ਰੋਸੀਜ਼ਰ ਅਪਣਾਉਂਦੇ ਹੋਏ ਸਮਰੱਥ ਅਥਾਰਿਟੀ ਦੀ ਪ੍ਰਵਾਨਗੀ ਪ੍ਰਾਪਤ ਕਰਨੀ ਯਕੀਨੀ ਬਣਾਈ ਜਾਵੇਗੀ।

5. ਪ੍ਰਬੰਧਕੀ ਵਿਭਾਗਾਂ ਵਲੋਂ ਉਪਰੋਕਤ ਪੈਰ੍ਹਾ-3 ਅਨੁਸਾਰ ਉਨ੍ਹਾਂ ਅਧੀਨ ਆਉਂਦੇ ਅਦਾਰਿਆਂ ਲਈ ਇਨ੍ਹਾਂ ਫੈਸਲਿਆਂ ਦੀ ਪਾਲਣਾ ਯਕੀਨੀ ਬਣਾਈ ਜਾਵੇਗੀ।

6. ਇਹ ਸਕੀਮ ਪੰਜਾਬ ਸਿਵਲ ਸਰਵਿਸਿਜ਼ (ਜੁਡੀਸ਼ੀਅਲ ਬਰਾਂਚ) ਦੇ ਅਧਿਕਾਰੀਆਂ ਤੇ ਲਾਗੂ ਨਹੀਂ ਹੋਵੇਗੀ ਕਿਉਂਕਿ ਉਨ੍ਹਾਂ ਦੀ ਤਨਖਾਹ ਜਸਟਿਸ ਈ. ਪਦਮਾਨਾਭਨ ਕਮੇਟੀ ਦੀਆਂ ਸਿਫਾਰਸ਼ਾਂ ਦੇ ਆਧਾਰ ਤੇ ਦਿੱਤੀ ਜਾਂਦੀ ਹੈ।

7 ਇਹ ਫੈਸਲੇ ਤੁਰੰਤ ਲਾਗੂ ਹੋਣਗੇ।

(ਕਮਲੇਸ਼ ਅਰੋੜਾ)
ਉੱਪ ਸਕੱਤਰ ਵਿੱਤ

ਪਿੱਠ ਅੰਕਣ ਨੰ:7/204/2012-4ਐਫ.ਪੀ.1/67 ਮਿਤੀ, ਚੰਡੀਗੜ੍ਹ, 15-1-2015

(1) ਪ੍ਰਮੁੱਖ ਮਹਾਂਲੇਖਾਕਾਰ (ਆਡਿਟ), ਪੰਜਾਬ, ਚੰਡੀਗੜ੍ਹ।
(2) ਪ੍ਰਮੁੱਖ ਮਹਾਂਲੇਖਾਕਾਰ (ਲੇਖਾ ਤੇ ਹੱਕਦਾਰੀ), ਪੰਜਾਬ, ਚੰਡੀਗੜ੍ਹ।

ਸੁਪਰਡੰਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/68 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਨਿੱਜੀ ਸਕੱਤਰ/ਮੁੱਖ ਸਕੱਤਰ, ਪੰਜਾਬ ਸਰਕਾਰ, ਚੰਡੀਗੜ੍ਹ;
2. ਸਮੂਹ ਵਿੱਤੀ ਕਮਿਸ਼ਨਰ, ਪ੍ਰਮੁੱਖ ਸਕੱਤਰ ਅਤੇ ਪ੍ਰਬੰਧਕੀ ਸਕੱਤਰ, ਪੰਜਾਬ ਸਰਕਾਰ।

ਸੁਪਰਡੰਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/69 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਸਕੱਤਰ, ਪੰਜਾਬ ਸਰਕਾਰ, ਪ੍ਰਸੋਨਲ ਵਿਭਾਗ ਨੂੰ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/70 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ **ਉਤਾਰਾ ਰਾਜ ਦੇ** ਸਮੂਹ ਜ਼ਿਲ੍ਹਾ ਖਜ਼ਾਨਾ ਅਫ਼ਸਰਾਂ ਨੂੰ ਸੂਚਨਾ ਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਸੁਪਰਡੰਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/71 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਮੈਨੇਜਿੰਗ ਡਾਇਰੈਕਟਰ, ਪੰਜਾਬ ਇੰਨਫੋਟੈੱਕ ਨੂੰ ਭੇਜ ਕੇ ਬੇਨਤੀ ਕੀਤੀ ਜਾਂਦੀ ਹੈ ਕਿ ਸਰਕਾਰ ਦੀਆਂ ਇਨ੍ਹਾਂ ਹਦਾਇਤਾਂ ਅਤੇ ਨੋਟੀਫਿਕੇਸ਼ਨ ਨੰ: 7/204/2012-4ਵਿੱਪ੍ਰੋ1/60, ਮਿਤੀ 15-1-2015 ਨੂੰ ਪੰਜਾਬ ਸਰਕਾਰ ਦੀ ਵੈੱਬ-ਸਾਈਟ ਤੇ ਤੁਰੰਤ ਪਾਉਣ ਦੀ ਖੇਚਲ ਕੀਤੀ ਜਾਵੇ।

ਸੁਪਰਡੰਟ

ਪਿੱਠ ਅੰਕਣ ਨੰ:7/204/2012-4ਐਫ.ਪੀ.1/72 ਮਿਤੀ, ਚੰਡੀਗੜ੍ਹ, 15-1-2015

ਇਸ ਦਾ ਇੱਕ ਉਤਾਰਾ ਡਾਇਰੈਕਟਰ, ਪਬਲਿਕ ਇੰਟਰਪ੍ਰਾਈਜ਼ਿਜ਼ ਅਤੇ ਡਿਸਇੰਨਵੈਸਟਮੈਂਟ ਨੂੰ ਭੇਜਦੇ ਹੋਏ ਬੇਨਤੀ ਕੀਤੀ ਜਾਂਦੀ ਹੈ ਕਿ ਉਪਰੋਕਤ ਹਦਾਇਤਾਂ ਦੇ ਪੈਰ੍ਹਾ-3 ਵਿੱਚ ਆਉਂਦੇ ਆਦਾਰਿਆਂ ਵਿੱਚ ਇਹ ਫੈਸਲੇ ਲਾਗੂ ਕੀਤੇ ਜਾਣ ਲਈ ਲੋੜੀਂਦੀ ਮੋਨਟਰਿੰਗ ਯਕੀਨੀ ਬਣਾਈ ਜਾਵੇ।

ਸੁਪਰਡੰਟ